## ਡਾਇਰੈਕਟੋਰੇਟ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ ਨਗਰ

ਵੱਲ,

ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ ਐ. ਸਿ.)

ਮੀਮੋ ਨੰ:15/86-2015 ਕੋ.ਸੈਲ (1)
ਮਿਤੀ: 30-1-2019

ਵਿਸ਼ਾ:- ਸਰਕਾਰੀ ਕਰਮਚਾਰੀਆਂ ਨੂੰ ਮੈਡੀਕਲ ਆਧਾਰ ਤੇ ਛੁੱਟੀਆਂ ਦੇਣ ਬਾਰੇ ਸੋਧਿਆ ਪੱਤਰ।

ਉਪਰੋਕਤ ਵਿਸੇ ਤੇ ਇਸ ਡਾਇਰੈਕਟੋਰੇਟ ਦੇ ਮੀਮੋ ਨੰ: 15/86-2015 ਕੋ.ਸੈਲ(1), ਮਿਤੀ 8-1-2019 ਅਤੇ ਮਿਤੀ 30-1-2019 ਦੀ ਲਗਾਤਾਰਤਾ ਵਿਚ।

2. ਡਾਇਰੈਕਟੋਰੇਟ ਸਿਖਿਆ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ Misinterpret (ਭਾਵ ਅਲੱਗ ਅਲੱਗ ਅਰਥ ਕੱਢੇ ਜਾ ਰਹੇ ਹਨ) ਕੀਤਾ ਜਾ ਰਿਹਾ ਹੈ। ਇਨ੍ਹਾਂ ਹਦਾਇਤਾਂ ਨੂੰ ਜਾਰੀ ਕਰਨ ਦਾ ਇਹ ਬਿਲਕੁਲ ਮੰਤਵ ਨਹੀਂ ਸੀ ਕਿ ਜਾਇਜ਼ ਕੇਸਾਂ ਵਿੱਚ ਲੋੜਵੰਦ ਕਰਮਚਾਰੀਆਂ ਨੂੰ ਬਿਮਾਰੀ ਦੀ ਸੂਰਤ ਵਿੱਚ ਛੁੱਟੀ ਨਾਂ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕੀਤਾ ਜਾਵੇ ਬਲਕਿ ਮੁੱਖ ਮੰਤਵ ਇਹ ਸੀ ਕਿ ਸਬੰਧਤ ਮੁਖੀਆਂ ਨੂੰ ਮੈਡੀਕਲ ਆਧਾਰ ਤੇ ਛੁੱਟੀਆਂ ਮੰਨਜੂਰ ਕਰਨ ਸਬੰਧੀ ਪੰਜਾਬ ਸਿਵਲ ਸੇਵਾਵਾਂ ਵਿੱਚ ਦਰਜ ਨਿਯਮਾਂ ਬਾਰੇ ਜਾਣੂੰ ਕਰਵਾਇਆ ਜਾਵੇ ਅਤੇ ਬਿਨਾਂ ਕਿਸੇ ਜਾਇਜ਼ ਆਧਾਰ ਤੇ ਕਰਮਚਾਰੀਆਂ ਨੂੰ ਪ੍ਰਾਈਵੇਟ ਡਾਕਟਰਾਂ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਪੇਸ਼ ਕਰਨ ਤੇ ਅਜਿਹੀ ਛੁੱਟੀਆਂ ਪ੍ਰਾਪਤ ਕਰਨ ਤੋਂ ਰੋਕਿਆ ਜਾਵੇ।

3. ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਦੇ ਲਗਾਤਾਰਤਾ ਵਿੱਚ ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਾਇਤਾਂ ਨੂੰ ਹੇਠ ਅਨੁਸਾਰ ਸੋਧਿਆ ਸਮਝਿਆ ਜਾਵੇ:-

(ੳ) ਜੇਕਰ ਛੁੱਟੀ ਮੰਨਜੂਰ ਕਰਨ ਵਾਲੀ ਅਥਾਰਟੀ ਦੀ ਇਹ ਤਸੱਲੀ ਹੋ ਜਾਵੇ ਕਿ ਸਬੰਧਤ ਕਰਮਚਾਰੀ ਵੱਲੋਂ ਆਪਣੀ ਬਿਮਾਰੀ ਦੀ ਸੂਰਤ ਵਿੱਚ ਉਸ ਵੱਲੋਂ ਕੇਵਲ ਤਿੰਨ ਦਿਨਾਂ ਦੀ ਛੁੱਟੀ ਅਪਲਾਈ ਕੀਤੀ ਹੈ ਤਾਂ ਅਜਿਹੀ ਛੁੱਟੀ ਬਿਨਾਂ ਮੈਡੀਕਲ ਸਰਟੀਫਿਕੇਟ ਦੇ ਵੀ ਮੰਨਜੂਰ ਕੀਤੀ ਜਾ ਸਕਦੀ ਹੈ, ਪਰੰਤੂ ਅਜਿਹੀ ਛੁੱਟੀ ਨੂੰ ਮੈਡੀਕਲ ਆਧਾਰ ਤੇ ਪ੍ਰਾਪਤ ਕੀਤੀ ਗਈ ਛੁੱਟੀ ਨਹੀਂ ਮੰਨਿਆ ਜਾਵੇਗਾ ਜਿਵੇਂ ਕਿ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਾਲੀ ਜਿਲਦ-1 ਭਾਗ-1 ਦੇ ਨਿਯਮ 8. 16(2) ਵਿੱਚ ਸਪੱਸ਼ਟ ਕੀਤਾ ਹੋਇਆ ਹੈ।

(ਅ) ਸਰਕਾਰੀ ਹਸਪਤਾਲਾਂ ਦੇ ਮੈਡੀਕਲ ਅਫਸਰਾਂ ਵਲੋਂ ਦਿੱਤਾ ਮੈਡੀਕਲ ਸਰਟੀਫਿਕੇਟ ਜਾਇਜ਼ ਮੰਨਿਆ ਜਾਵੇਗਾ।

(ੲ) ਜੇਕਰ ਕਿਸੇ ਸਰਕਾਰੀ ਕਰਮਚਾਰੀ ਜਾਂ ਉਸ ਦੇ ਪਰਿਵਾਰ ਦੇ ਮੈਂਬਰਾਂ ਦਾ ਕੋਈ ਆਪਰੇਸ਼ਨ ਆਦਿ ਦੀ ਸਬੰਧਤ ਹਸਪਤਾਲ ਵੱਲੋਂ ਪਹਿਲਾਂ ਹੀ ਤਾਰੀਖ ਮੁਕਰੱਰ ਕੀਤੀ ਜਾ ਚੁੱਕੀ ਹੋਵੇ ਤਾਂ ਅਜਿਹੀ ਸੂਰਤ ਵਿੱਚ ਸਬੰਧਤ ਡਾਕਟਰ ਦੀ ਸਿਫਾਰਸ ਦੇ ਆਧਾਰ ਤੇ ਮੈਡੀਕਲ ਛੁੱਟੀ ਸਬੰਧਤ ਦਫਤਰ ਦੇ ਮੁੱਖੀ ਵੱਲੋਂ ਮੰਨਜੂਰ ਕਰ ਦਿੱਤੀ ਜਾਵੇਗੀ।

(ਸ) ਕਿਸੇ ਕਰਮਚਾਰੀ/ਅਧਿਆਪਕ ਨੂੰ ਕੇਵਲ ਜਾਇਜ਼ ਕੇਸਾਂ ਵਿਚ ਹੀ ਮੈਡੀਕਲ ਆਧਾਰ ਤੇ ਕੇਵਲ 10 ਦਿਨਾਂ ਲਈ ਛੁੱਟੀ ਸਬੰਧਤ ਸਕੂਲ ਮੁੱਖੀ ਵੱਲੋਂ ਪ੍ਰਦਾਨ ਕੀਤੀ ਜਾਵੇਗੀ ਅਤੇ ਇਸ ਤੋਂ ਵੱਧ ਸਮੇਂ ਲਈ ਛੁੱਟੀ, ਸਮਰੱਥ ਮੈਡੀਕਲ ਅਫਸਰ ਵੱਲੋਂ ਦਿੱਤੇ ਗਏ ਸਰਟੀਫਿਕੇਟ ਦੇ ਆਧਾਰ ਤੇ ਸਬੰਧਤ ਡੀ ਪੀ ਆਈ ਦੀ ਬਜਾਏ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੇ ਪੱਧਰ ਤੇ ਮੰਨਜੂਰ ਕੀਤੀ ਜਾਵੇਗੀ।

ਨੋਟ:- (1) ਮੈਡੀਕਲ ਆਧਾਰ ਤੇ ਛੁੱਟੀ ਵੀ ਆਨ ਲਾਈਨ ਅਪਲਾਈ ਕੀਤੀ ਜਾਵੇਗੀ ਅਤੇ ਆਫ ਲਾਈਨ ਤੇ ਕੋਈ ਅਰਜੀ ਸਵੀਕਾਰ ਨਹੀਂ ਹੋਵੇਗੀ।

(2) ਉਪਰੋਕਤ ਹਦਾਇਤਾਂ ਸਬੰਧਤ ਕਰਮਚਾਰੀਆਂ/ਅਧਿਆਪਕਾਂ ਦੇ ਗੰਭੀਰ ਬਿਮਾਰੀਆਂ ਤੋਂ ਪੀੜਤ ਜਿਵੇਂ ਕਿ ਕੈਂਸਰ ਦੇ ਮਰੀਜਾਂ, ਦਿਲ ਦੇ ਮਰੀਜਾਂ, ਦੁਰਘਟਨਾਂਵਾਂ ਦੇ ਕੇਸਾਂ, ਹਸਪਤਾਲ ਵਿੱਚ ਦਾਖਲ ਹੋਣ ਦੀ ਸੂਰਤ ਵਿੱਚ ਲਾਗੂ ਨਹੀਂ ਹੋਣਗੀਆਂ।

ਸੁਪਰਡੰਟ ਸੇਵਾਵਾਂ-1
ਵਾ.ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ), ਪੰਜਾਬ।

ਪਿੱਠ ਅੰਕਣ ਨੰ:ਉਕਤ ਮਿਤੀ,ਐਸ.ਏ.ਐਸ ਨਗਰ:

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿਖਿਆ ਵਿਭਾਗ (ਐ.ਸਿ), ਪੰਜਾਬ ਨੂੰ ਸੂਚਨਾ ਅਤੇ ਅਗੇਲਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ ਸੇਵਾਵਾਂ-1